BRAMPTON Service and Information Update

# ਬ੍ਰੈਂਪਟਨ ਵਿਆਪਕ ਸਥਾਨਕ ਹੜ੍ਹਾਂ ਦਾ ਸਾਮ੍ਹਣਾ ਕਰ ਰਿਹਾ ਹੈ

*ਨਿਵਾਸੀਆਂ ਨੂੰ ਸੁਰੱਖਿਅਤ ਰਹਿਣ ਵਾਸਤੇ ਯਾਦ ਕਰਾਇਆ ਜਾਂਦਾ ਹੈ*

ਬ੍ਰੈਂਪਟਨ, ਓਨਟੈਰੀਓ (17 ਫਰਵਰੀ, 2022) – ਬ੍ਰੈਂਪਟਨ ਪੂਰੇ ਸ਼ਹਿਰ ਵਿੱਚ ਵਿਆਪਕ ਸਥਾਨਕ ਹੜ੍ਹਾਂ ਦਾ ਸਾਮ੍ਹਣਾ ਕਰ ਰਿਹਾ ਹੈ। ਨਿਵਾਸੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਉਹ ਹੜ੍ਹ ਦੇ ਦੌਰਾਨ ਸੁਰੱਖਿਅਤ ਰਹਿਣ।

ਇਸ ਵੇਲੇ, ਸਿਟੀ ਜਾਣਦੀ ਹੈ ਕਿ ਹੇਠਾਂ ਲਿਖੀਆਂ ਥਾਵਾਂ, ਲੋਕਲ ਤੌਰ ਤੇ ਹੜ੍ਹ ਤੋਂ ਪ੍ਰਭਾਵਿਤ ਹਨ:

- ਵਿੰਟਸਨ ਚਰਚਿਲ ਬੁਲੇਵਾਰਡ (Winston Churchill Boulevard) ਵਿਖੇ ਵਾਨਲੈਸ ਰੋਡ (Wanless Road)
- ਬੋਵੇਅਰਡ ਡ੍ਰਾਈਵ (Bovaird Drive) ਤੋਂ ਵਾਨਲੈਸ ਡ੍ਰਾਈਵ (Wanless Drive) ਤੱਕ ਹੈਰੀਟੇਜ ਰੋਡ (Heritage Road)
- ਹਾੱਲਸਟੋਨ ਰੋਡ (Hallstone Road) ਵਿਖੇ ਕ੍ਰੈਡਿਟਵਿਊ ਰੋਡ (Creditview Road)
- ਸਟੀਲਸ ਅਵੈਨਿਊ (Steeles Avenue) ਵਿਖੇ ਕ੍ਰੈਡਿਟਵਿਊ ਰੋਡ
- ਸਟੀਲਸ ਅਵੈਨਿਊ ਵਿਖੇ ਚਰਚਵਿਲੇ ਰੋਡ (Churchville Road)
- ਕਲਾਰੈਂਸ ਸਟ੍ਰੀਟ (Clarence Street) ਬ੍ਰਿਜ
- ਪੀਲ ਵਿਲੇਜ (Peel Village) ਵਿੱਚ ਕਿਵਾਨਿਸ (Kiwanis) ਬ੍ਰਿਜ

ਜੇਕਰ ਸੰਭਵ ਹੋਵੇ ਤਾਂ ਨਿਵਾਸੀਆਂ ਨੂੰ ਇਹਨਾਂ ਖੇਤਰਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਸੁਰੱਖਿਆ ਸਬੰਧੀ ਸਾਵਧਾਨੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ:

- ਰੁਕੇ ਹੋਏ ਪਾਣੀ ਦੇ ਨਾਲ, ਇਨਡੋਰ ਇਲੈਕਟ੍ਰੀਕਲ ਸਿਸਟਮਾਂ ਅਤੇ ਅੰਡਰਗ੍ਰਾਊਂਡ ਜਾਂ ਹੇਠਾਂ ਡਿੱਗੀਆਂ ਬਿਜਲੀ ਦੀਆਂ ਤਾਰਾਂ ਦੇ ਦੁਆਰਾ ਕਰੰਟ ਆ ਸਕਦਾ ਹੈ। ਖੁਦ ਨੂੰ, ਬੱਚਿਆਂ ਨੂੰ ਅਤੇ ਪਾਲਤੂ ਜਾਨਵਰਾਂ ਨੂੰ, ਰੁਕੇ ਹੋਏ ਪਾਣੀ ਅਤੇ ਹੇਠਾਂ ਡਿੱਗੀਆਂ ਬਿਜਲੀ ਦੀਆਂ ਤਾਰਾਂ ਤੋਂ ਦੂਰ ਰੱਖੋ।
- ਹੜ੍ਹ ਦਾ ਪਾਣੀ ਜਲਦੀ ਨਾਲ ਵਹਿੰਦਾ ਹੈ ਅਤੇ ਡੁੱਬਣ ਦਾ ਖਤਰਾ ਪੈਦਾ ਕਰਦਾ ਹੈ। ਆਪਣੀ ਸੁਰੱਖਿਆ ਰੱਖੋ ਅਤੇ ਹੜ੍ਹ ਦੇ ਪਾਣੀ ਵਿੱਚ ਡ੍ਰਾਈਵ ਨਾ ਕਰੋ ਜਾਂ ਤੁਰੋ ਨਾ।
- ਬਿਲਡਿੰਗ ਸਟ੍ਰਕਚਰ ਪ੍ਰਭਾਵਿਤ ਹੋ ਕੇ, ਅਸੁਰੱਖਿਅਤ ਹੋ ਸਕਦੇ ਹਨ। ਪੋਰਚ ਦੀਆਂ ਛੱਤਾਂ ਅਤੇ ਬਾਹਰ ਨਿੱਕਲੇ ਹਿੱਸਿਆਂ ਸਮੇਤ, ਜੇਕਰ ਨੀਂਹ ਅਤੇ ਸਟ੍ਰਕਚਰ ਖਰਾਬ ਹੋਣ ਦੇ ਕੋਈ ਸੰਭਾਵੀ ਲੱਛਣ ਨਜ਼ਰ ਆਉਣ ਤਾਂ ਆਪਣੇ ਘਰੋਂ ਬਾਹਰ ਆ ਜਾਓ।
- ਹੜ੍ਹ ਦਾ ਪਾਣੀ, ਅਕਸਰ ਸੜਕਾਂ ਅਤੇ ਵਾਕਵੇਅਜ ਨੂੰ ਨਸ਼ਟ ਕਰ ਦਿੰਦਾ ਹੈ। ਸੜਕਾਂ ਕਮਜ਼ੋਰ ਹੋ ਸਕਦੀਆਂ ਹਨ ਅਤੇ ਕਾਰ ਦੇ ਵਜ਼ਨ ਹੇਠਾਂ ਟੁੱਟ ਸਕਦੀਆਂ ਹਨ। ਹੜ੍ਹ ਦੇ ਪਾਣੀ ਵਿੱਚ ਡ੍ਰਾਈਵ ਨਾ ਕਰੋ ਜਾਂ ਤੁਰੋ ਨਾ।
- ਹੜ੍ਹ ਦੇ ਪਾਣੀ ਵਿੱਚ ਸੀਵੇਜ (ਇਸ ਵਿੱਚ ਬੈਕਟੀਰੀਆ, ਵਾਇਰਸ ਜਾਂ ਪੈਰਾਸਾਈਟਸ ਹੋ ਸਕਦੇ ਹਨ), ਕੈਮੀਕਲ ਅਤੇ ਮਲਬਾ ਹੋ ਸਕਦਾ ਹੈ, ਜਿਵੇਂ ਟੁੱਟਿਆ ਹੋਇਆ ਕੱਚ। ਸਭ ਤੋਂ ਹੇਠਲੇ ਖੇਤਰਾਂ ਤੋਂ ਦੂਰ ਰਹੋ। ਖੁਦ ਨੂੰ, ਪਰਿਵਾਰ ਨੂੰ ਅਤੇ ਪਾਲਤੂ ਜਾਨਵਰਾਂ ਨੂੰ, ਹੜ੍ਹ ਦੇ ਪਾਣੀ ਤੋਂ ਦੂਰ ਰੱਖੋ।
- ਹੜ੍ਹ ਵਾਲੇ ਖੇਤਰ ਵਿੱਚ ਦਾਖਲ ਨਾ ਹੋਵੇ, ਜਦੋਂ ਤੱਕ ਕਿ ਤੁਸੀਂ ਸਹੀ ਨਿੱਜੀ ਸੁਰੱਖਿਆਤਮਕ ਉਪਕਰਨ ਅਤੇ ਕੱਪੜੇ ਨਾ ਪਹਿਨੇ ਹੋਏ ਹੋਣ।

ਜੇਕਰ ਨਿਵਾਸੀ ਖਤਰੇ ਵਿੱਚ ਹੋਣ, ਤਾਂ ਉਹਨਾਂ ਨੂੰ ਤੁਰੰਤ, 9-1-1 ਤੇ ਫੋਨ ਕਰਨਾ ਚਾਹੀਦਾ ਹੈ। ਮਿਊਨਿਸਿਪਲ ਰੋਡਸ ਉੱਤੇ ਲੋਕਲ ਤੌਰ ਤੇ ਹੜ੍ਹ, ਸਟੌਰਮ ਸੀਵਰ ਗ੍ਰੇਟਸ ਜਾਂ ਬੇਸਮੈਂਟ ਹੜ੍ਹ ਦੀ ਰਿਪੋਰਟ ਕਰਨ ਲਈ, 311 ਤੇ ਫੋਨ ਕਰੋ।

ਨਿਵਾਸੀ, ਬਿਲਕੁੱਲ ਤਾਜ਼ਾ ਅੱਪਡੇਟਸ ਲਈ Twitter ਤੇ, @BEMOPrepared ਨੂੰ ਫਾੱਲੋ ਕਰ ਸਕਦੇ ਹਨ ਅਤੇ ਹੜ੍ਹ ਤੋਂ ਸੁਰੱਖਿਆ ਸਬੰਧੀ ਜਾਣਕਾਰੀ ਲਈ, www.brampton.ca ਤੇ ਜਾ ਸਕਦੇ ਹਨ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca